Historic England

# ਤੱਥ ਪੱਤਰ: ਸੂਚੀਬੱਧ ਕਰਨ ਦੀ ਪ੍ਰਕਿਰਿਆ ਅਤੇ ਪੂਜਾ ਦੇ ਅਸਥਾਨ

ਫਰਵਰੀ 2025

## ਅਸੀਂ ਕੌਣ ਹਾਂ?

- Historic England (ਹਿਸਟੋਰਿਕ ਇੰਗਲੈਂਡ) ਸਾਡੇ ਸਾਰਿਆਂ ਲਈ ਮਾਇਨੇ ਰੱਖਣ ਵਾਲੀ ਵਿਰਾਸਤ ਦੀ ਰੱਖਿਆ ਕਰਦਾ ਹੈ ਅਤੇ ਇਸ ਵਿੱਚ ਨਵੀਂ ਜਾਨ ਪਾਉਂਦਾ ਹੈ, ਤਾਂ ਜੋ ਇਹ ਜੀਵਿਤ ਰਹੇ ਅਤੇ ਲੰਬੇ ਸਮੇਂ ਤੱਕ ਇਸ ਨੂੰ ਪਸੰਦ ਕੀਤਾ ਜਾਵੇ। ਇਸ ਵਿੱਚ ਇਮਾਰਤਾਂ, ਡਿਜ਼ਾਇਨ ਕੀਤੇ ਗਏ ਲੈਂਡਸਕੇਪ ਜਿਵੇਂ ਕਿ ਪਾਰਕ ਅਤੇ ਬਾਗ਼, ਪੁਰਾਤੱਤਵ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

## ਸੂਚੀਬੱਧ ਇਮਾਰਤਾਂ ਕੀ ਹੁੰਦੀਆਂ ਹਨ?

- ਸੂਚੀਬੱਧ ਕਰਨ ਦੀ ਪ੍ਰਕਿਰਿਆ ਦੇਸ਼ ਭਰ ਦੀਆਂ ਖਾਸ ਇਮਾਰਤਾਂ ਨੂੰ **ਕੰਨੂਨੀ ਸੁਰੱਖਿਆ** ਪ੍ਰਦਾਨ ਕਰਦੀ ਹੈ। ਸੂਚੀਬੱਧ ਕਰਨ ਦੀ ਪ੍ਰਕਿਰਿਆ ਦੁਆਰਾ ਸੁਰੱਖਿਅਤ ਕੀਤੀਆਂ ਗਈਆਂ ਇਮਾਰਤਾਂ ਨੂੰ **ਸੂਚੀਬੱਧ ਇਮਾਰਤਾਂ** ਕਿਹਾ ਜਾਂਦਾ ਹੈ।
- ਕੋਈ ਵੀ ਵਿਅਕਤੀ ਕਿਸੇ ਵੀ ਇਮਾਰਤ ਨੂੰ ਸੂਚੀਬੱਧ ਕਰਨ ਲਈ Historic England (ਹਿਸਟੋਰਿਕ ਇੰਗਲੈਂਡ) ਕੋਲ ਅਰਜ਼ੀ ਦੇ ਸਕਦਾ ਹੈ - ਅਰਜ਼ੀ ਦੇਣ ਵਾਸਤੇ ਤੁਹਾਨੂੰ ਆਰਕੀਟੈਕਚਰ ਜਾਂ ਇਤਿਹਾਸ ਦਾ ਮਾਹਰ ਹੋਣਾ ਜਰੂਰੀ ਨਹੀਂ।
- Historic England (ਹਿਸਟੋਰਿਕ ਇੰਗਲੈਂਡ) ਸੂਚੀਬੱਧ ਕਰਨ ਲਈ ਅਰਜ਼ੀਆਂ ਦਾ ਮੁਲਾਂਕਣ ਕਰਦਾ ਹੈ ਅਤੇ ਸੱਭਿਆਚਾਰ, ਮੀਡੀਆ ਅਤੇ ਖੇਡ ਵਿਭਾਗ (DCMS) ਨੂੰ ਸਿਫਾਰਸ਼ਾਂ ਕਰਦਾ ਹੈ, ਜੋ ਅੰਤਿਮ ਫੈਸਲਾ ਲੈਂਦੇ ਹਨ।
- ਜਦੋਂ ਅਸੀਂ ਕਿਸੇ ਇਮਾਰਤ ਨੂੰ ਸੂਚੀਬੱਧ ਕਰਨ ਲਈ ਉਸਦਾ ਮੁਲਾਂਕਣ ਕਰਦੇ ਹਾਂ, ਅਸੀਂ ਦੇਖਦੇ ਹਾਂ ਕਿ ਕੀ ਇਸ ਵਿੱਚ **ਖਾਸ ਮਹੱਤਤਾ** ਵਾਲੀ ਕੋਈ ਗੱਲ ਹੈ। ਇਸਦਾ ਮਤਲਬ ਉਨ੍ਹਾਂ ਚੀਜ਼ਾਂ ਤੋਂ ਹੈ ਜੋ ਇਮਾਰਤ ਨੂੰ ਖਾਸ ਅਤੇ ਸੂਚੀਬੱਧ ਕਰਕੇ ਸੁਰੱਖਿਆ ਪ੍ਰਦਾਨ ਕੀਤੇ ਜਾਣ ਦੇ ਕਾਬਲ ਬਣਾਉਂਦੀਆਂ ਹਨ।
- ਇਹ ਖਾਸ ਮਹੱਤਤਾ ਇਮਾਰਤ ਦੀ **ਬਣਤਰ** (ਇਹ ਕਿੱਦਾਂ ਦਿਖਾਈ ਦਿੰਦੀ ਹੈ, ਇਹ ਕਿਵੇਂ ਬਣਾਈ ਗਈ ਸੀ ਆਦਿ) ਦੇ ਕਰਕੇ, ਇਸਦੇ **ਇਤਿਹਾਸ** (ਉਦਾਹਰਨ ਵਜੋਂ ਰਾਸ਼ਟਰੀ ਪੱਧਰ 'ਤੇ ਮਹੱਤਵਪੂਰਨ ਕਿਸੇ ਵਿਅਕਤੀ ਜਾਂ ਘਟਨਾ ਦੇ ਨਾਲ ਮਜ਼ਬੂਤ ਸੰਬੰਧ) ਦੇ ਕਰਕੇ, ਜਾਂ **ਦੋਵਾਂ ਦੇ ਇੱਕ ਸੁਮੇਲ** ਦੇ ਕਾਰਨ ਹੋ ਸਕਦੀ ਹੈ।
- ਇਮਾਰਤਾਂ ਨੂੰ ਉਹਨਾਂ ਦੀ ਮਹੱਤਤਾ ਦੇ ਆਧਾਰ 'ਤੇ ਗ੍ਰੇਡ II, II* ਜਾਂ I ਵਜੋਂ ਸੂਚੀਬੱਧ ਕੀਤਾ ਜਾ ਸਕਦਾ ਹੈ। ਜ਼ਿਆਦਾਤਰ (ਲਗਭਗ 92%) ਇਮਾਰਤਾਂ ਗ੍ਰੇਡ II ਵਜੋਂ ਸੂਚੀਬੱਧ ਕੀਤੀਆਂ ਗਈਆਂ ਹਨ।
- ਸਾਰੀਆਂ ਇਤਿਹਾਸਕ ਇਮਾਰਤਾਂ ਦੀ ਕੋਈ ਖਾਸ ਮਹੱਤਤਾ ਹੋਵੇ ਅਜਿਹਾ ਜਰੂਰੀ ਨਹੀਂ, ਅਤੇ ਅਜਿਹੀਆਂ ਇਮਾਰਤਾਂ ਜੋ ਇਸ ਮਾਪਦੰਡ 'ਤੇ ਖਰੀਆਂ ਨਹੀਂ ਉਤਰਦੀਆਂ, ਉਨ੍ਹਾਂ ਦੀ ਸੰਭਾਲ ਅਤੇ ਸਨਮਾਨ ਕਰਨ ਦੇ ਹੋਰ ਵੀ ਤਰੀਕੇ ਹਨ।

## ਇੰਗਲੈਂਡ ਦੀ ਰਾਸ਼ਟਰੀ ਵਿਰਾਸਤ ਸੂਚੀ ਕੀ ਹੈ?

- ਹਰੇਕ ਸੂਚੀਬੱਧ ਕੀਤੀ ਗਈ ਇਮਾਰਤ ਦਾ ਵੇਰਵਾ (ਜਿਸਨੂੰ ਸੂਚੀ ਐਂਟਰੀ ਵਜੋਂ ਜਾਣਿਆ ਜਾਂਦਾ ਹੈ) ਇੰਗਲੈਂਡ ਦੀ ਰਾਸ਼ਟਰੀ ਵਿਰਾਸਤ ਸੂਚੀ (ਜਿਸਨੂੰ NHLE ਜਾਂ ਦ ਲਿਸਟ ਵਜੋਂ ਜਾਣਿਆ ਜਾਂਦਾ ਹੈ) ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਜੋ ਇੱਕ ਜਨਤਕ ਡਾਟਾਬੇਸ ਹੈ ਜਿਸ ਵਿੱਚ **ਇੰਗਲੈਂਡ ਦੀ ਸੁਰੱਖਿਅਤ ਵਿਰਾਸਤ** ਬਾਰੇ ਜਾਣਕਾਰੀ ਹੈ।

## ਕੀ ਅਸੀਂ ਸਾਡੇ ਸੂਚੀਬੱਧ ਕੀਤੇ ਪੂਜਾ ਦੇ ਅਸਥਾਨਾਂ ਵਿੱਚ ਬਦਲਾਅ ਕਰ ਸਕਦੇ ਹਾਂ?

- ਕਿਸੇ ਇਮਾਰਤ ਦੇ ਇੱਕ ਵਾਰ ਸੂਚੀਬੱਧ ਹੋਣ ਤੋਂ ਬਾਅਦ, ਅਜਿਹੇ ਬਦਲਾਅ ਜੋ ਇਸਦੀ ਖਾਸ ਮਹੱਤਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ, ਨੂੰ ਯੋਜਨਾਬੱਧ ਪ੍ਰਨਾਲੀ ਨਾਲ ਪ੍ਰਬੰਧਿਤ ਕਰਨਾ ਪੈਂਦਾ ਹੈ।
- ਇਹ ਕੀਤੇ ਜਾ ਰਹੇ ਬਦਲਾਅ ਅਤੇ ਸੁਧਾਰਾਂ ਨੂੰ ਨਹੀਂ ਰੋਕਦਾ, ਪਰ ਤੁਹਾਨੂੰ **ਸੂਚੀਬੱਧ ਇਮਾਰਤ ਲਈ ਸਹਿਮਤੀ** (ਇੱਕ ਕਿਸਮ ਦੀ ਆਗਿਆ) ਲਈ ਅਰਜ਼ੀ ਦੇਣੀ ਪੈ ਸਕਦੀ ਹੈ ਤਾਂ ਜੋ ਤੁਹਾਨੂੰ ਅਜਿਹੇ ਕਿਸੇ ਵੀ ਤਰ੍ਹਾਂ ਦੇ ਬਦਲਾਅ ਲਿਆਉਣ ਲਈ ਆਗਿਆ ਦਿੱਤੀ ਜਾ ਸਕੇ ਜੋ ਇਮਾਰਤ ਦੀ ਖਾਸ ਮਹੱਤਤਾ 'ਤੇ ਅਸਰ ਪਾ ਸਕਦੇ ਹਨ। ਇਹ ਪਤਾ ਕਰਨ ਲਈ ਕਿ ਕੀ ਤੁਹਾਨੂੰ ਸੂਚੀਬੱਧ ਇਮਾਰਤ ਲਈ ਸਹਿਮਤੀ (ਜਾਂ ਕਿਸੇ ਹੋਰ ਕਾਨੂੰਨੀ

ਲੋੜ) ਲਈ ਅਰਜ਼ੀ ਦੇਣ ਦੀ ਲੋੜ ਹੈ, ਕਿਰਪਾ ਕਰਕੇ ਆਪਣੇ ਸਥਾਨਕ Historic England (ਹਿਸਟੋਰਿਕ ਇੰਗਲੈਂਡ) ਦਫ਼ਤਰ ਨਾਲ ਸੰਪਰਕ ਕਰੋ (ਹੇਠਾਂ ਵੇਖੋ)।

- ਸੂਚੀਬੱਧ ਇਮਾਰਤਾਂ ਲਈ ਸਹਿਮਤੀ ਦੀਆਂ ਅਰਜ਼ੀਆਂ ਬਾਰੇ ਫੈਸਲੇ **ਸਥਾਨਕ ਯੋਜਨਾਬੰਦੀ ਅਥਾਰਟੀ** ਵੱਲੋਂ ਲਏ ਜਾਂਦੇ ਹਨ। ਕੁਝ ਮਾਮਲਿਆਂ ਵਿੱਚ, ਸਥਾਨਕ ਯੋਜਨਾਬੰਦੀ ਅਥਾਰਟੀਆਂ ਨੂੰ Historic England (ਹਿਸਟੋਰਿਕ ਇੰਗਲੈਂਡ) ਨੂੰ ਸੂਚਿਤ ਕਰਨਾ ਪੈਂਦਾ ਹੈ ਜਾਂ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੁੰਦਾ ਹੈ।

## Historic England (ਹਿਸਟੋਰਿਕ ਇੰਗਲੈਂਡ) ਸੂਚੀਬੱਧ ਇਮਾਰਤਾਂ ਦੀ ਵਰਤੋਂ ਕਰਨ ਵਾਲੇ ਧਾਰਮਿਕ ਸਮੂਹਾਂ ਦੀ ਕਿਵੇਂ ਮਦਦ ਕਰਦਾ ਹੈ?

- ਅਸੀਂ ਪੂਜਾ ਅਤੇ ਹੋਰ ਕੰਮਾਂ ਲਈ ਇਤਿਹਾਸਕ ਇਮਾਰਤਾਂ ਦੀ ਵਰਤੋਂ ਕਰਨ ਵਾਲੇ ਧਾਰਮਿਕ ਭਾਈਚਾਰਿਆਂ ਦੀ ਸਹਾਇਤਾ ਕਰਦੇ ਹਾਂ।
- ਅਸੀਂ ਥਾਵਾਂ ਨੂੰ ਸੰਵੇਦਨਸ਼ੀਲ ਢੰਗ ਨਾਲ ਢਾਲਣ ਅਤੇ ਨਵੀਆਂ ਸਹੂਲਤਾਂ ਸਥਾਪਤ ਕਰਨ ਬਾਰੇ ਸਲਾਹ ਦਿੰਦੇ ਹਾਂ ਤਾਂ ਜੋ ਪੂਜਾ ਅਸਥਾਨਾਂ ਦੀ ਕਈ ਤਰ੍ਹਾਂ ਦੇ ਉਦੇਸ਼ਾਂ ਲਈ ਵਰਤੋਂ ਕੀਤੀ ਜਾ ਸਕੇ। ਅਸੀਂ ਉਨ੍ਹਾਂ ਧਾਰਮਿਕ ਭਾਈਚਾਰਿਆਂ ਨੂੰ ਵੀ ਸਲਾਹ ਦੇ ਸਕਦੇ ਹਾਂ ਜੋ ਆਪਣੀਆਂ ਇਮਾਰਤਾਂ ਨੂੰ ਜਲਵਾਯੂ ਤਬਦੀਲੀ ਪ੍ਰਤੀ ਵਧੇਰੇ ਮਜ਼ਬੂਤ ਬਣਾਉਣਾ ਚਾਹੁੰਦੀਆਂ ਹਨ।
- ਅਸੀਂ ਉਨ੍ਹਾਂ ਗ੍ਰਾਂਟਾਂ ਬਾਰੇ ਵੀ ਸਲਾਹ ਦੇ ਸਕਦੇ ਹਾਂ ਜੋ ਇਤਿਹਾਸਕ ਇਮਾਰਤ ਦੀ ਦੇਖਭਾਲ ਕਰਨ ਵਾਲੇ ਧਾਰਮਿਕ ਭਾਈਚਾਇਰਾਂ ਲਈ ਉਪਲਬਧ ਹੋ ਸਕਦੀਆਂ ਹਨ।

## ਕੀ ਪੂਜਾ ਦੇ ਅਸਥਾਨ ਅਤੇ ਹੋਰ ਧਾਰਮਿਕ ਇਮਾਰਤਾਂ ਨੂੰ ਸੂਚੀਬੱਧ ਕੀਤਾ ਜਾ ਸਕਦਾ ਹੈ?

- ਇੰਗਲੈਂਡ ਦੀ ਰਾਸ਼ਟਰੀ ਵਿਰਾਸਤ ਸੂਚੀ ਵਿੱਚ, 16,000 ਤੋਂ ਜਿਆਦਾ ਪੂਜਾ ਦੇ ਅਸਥਾਨਾਂ ਸਮੇਤ ਲੱਗਭਗ 380,000 ਐਂਟਰੀਆਂ ਸੂਚੀਬੱਧ ਇਮਾਰਤਾਂ ਦੀ ਹੈ। ਪੂਜਾ ਦੇ ਸੂਚੀਬੱਧ ਅਸਥਾਨਾਂ ਵਿੱਚ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦੁਆਰਾ ਵਰਤੀਆਂ ਜਾਣ ਵਾਲੀਆਂ ਇਮਾਰਤਾਂ ਸ਼ਾਮਲ ਹਨ।
- ਕਈ ਵਾਰ ਅਜਿਹਾ ਹੁੰਦਾ ਹੈ ਕਿ ਕੋਈ ਇਮਾਰਤ ਉਸਦੇ ਨਿਰਮਾਣ ਤੋਂ ਬਾਅਦ ਇੱਕ ਤੋਂ ਜਿਆਦਾ ਧਰਮ ਦੇ ਸਮੂਹਾਂ ਦੁਆਰਾ ਵਰਤੀ ਗਈ ਹੁੰਦੀ ਹੈ। ਉਦਾਹਰਨ ਵਜੋਂ, ਵੂਲਵਿਚ ਵਿਖੇ ਗੁਰਦੁਆਰਾ ਸਾਹਿਬ, ਜੋ ਕਿ ਅਸਲ ਵਿੱਚ ਇੱਕ ਮੈਥੋਡਿਸਟ ਚਰਚ ਦੇ ਰੂਪ ਵਿੱਚ ਬਣਾਇਆ ਗਿਆ ਸੀ ਅਤੇ 1970 ਦੇ ਦਹਾਕੇ ਵਿੱਚ ਸਿੱਖ ਭਾਈਚਾਰੇ ਦੁਆਰਾ ਵਰਤੋਂ ਲਈ ਤਬਦੀਲ ਕਰ ਦਿੱਤਾ ਗਿਆ।
- ਹੋਰ ਵੀ ਅਜਿਹੀ ਸੂਚੀਬੱਧ ਇਮਾਰਤਾਂ ਹਨ ਜਿਨ੍ਹਾਂ ਨੂੰ ਧਾਰਮਿਕ ਭਾਈਚਾਰਿਆਂ ਵੱਲੋਂ ਇਸਤੇਮਾਲ ਕੀਤਾ ਜਾਂਦਾ ਹੈ ਪਰ ਉਨ੍ਹਾਂ ਦਾ ਨਿਰਮਾਣ ਮੂਲ ਰੂਪ ਵਿੱਚ ਕਿਸੇ ਹੋਰ ਉਦੇਸ਼ਾਂ ਲਈ ਜਿਵੇਂ ਕਿ ਸਕੂਲ, ਥਿਏਟਰ ਅਤੇ ਸਿਨੇਮਾਘਰਾਂ ਲਈ ਕੀਤਾ ਗਿਆ ਸੀ, ਜਿਵੇਂ ਕਿ ਹੈਰੋ ਵਿੱਖੇ ਸਾਬਕਾ ਏਸ ਸਿਨੇਮਾ, ਜੋ ਹੁਣ ਯੂਰਪ ਦਾ ਜ਼ੋਰੋਸਟ੍ਰੀਅਨ ਕੇਂਦਰ ਹੈ।
- ਇਮਾਰਤਾਂ ਨੂੰ ਸੂਚੀਬੱਧ ਕਰਕੇ ਸੁਰੱਖਿਆ ਪ੍ਰਦਾਨ ਕਰਨ ਦਾ ਮਤਲਬ ਹੈ ਕਿ ਲੋਕ ਖਾਸ ਇਤਿਹਾਸਕ ਇਮਾਰਤਾਂ ਵਿੱਚ ਪੂਜਾ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਵਿੱਚ ਭਾਈਚਾਰੇ ਦੀ ਭਾਵਨਾ ਹੋਰ ਮਜ਼ਬੂਤ ਕਰਨ ਵਿੱਚ ਮਦਦ ਮਿਲਦੀ ਹੈ। ਇੰਗਲੈਂਡ ਵਿੱਚ ਸੂਚੀਬੱਧ 60 ਤੋਂ ਜਿਆਦਾ ਪੂਜਾ ਦੇ ਅਸਥਾਨਾਂ ਵਿੱਖੇ ਕੀਤੇ ਗਏ ਸ਼ਰਧਾਲੂਆਂ ਦੇ ਸਰਵੇਖਣ ਵਿੱਚੋਂ 88% ਇਸ ਗੱਲ ਨਾਲ ਸਹਿਮਤ ਹੋਏ ਕਿ ਉਨ੍ਹਾਂ ਦੇ ਪੂਜਾ ਅਸਥਾਨ ਨੂੰ ਸੂਚੀਬੱਧ ਕਰਨ ਨਾਲ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤੀ ਮਿਲੀ ਹੈ।[1]

## ਸ਼ਬਦਾਵਲੀ:

- **ਧਾਰਮਿਕ ਭਾਈਚਾਰਾ:** ਅਜਿਹੇ ਲੋਕਾਂ ਦਾ ਇੱਕ ਸਮੂਹ ਜੋ ਇਕੋ ਧਾਰਮਿਕ ਪਰੰਪਰਾ ਨੂੰ ਸਾਂਝਾ ਕਰਦੇ ਹਨ, ਅਤੇ ਇੱਕੋ ਥਾਂ 'ਤੇ ਪੂਜਾ ਕਰਦੇ ਹਨ। ਕੁਝ ਧਰਮਾਂ ਵਿੱਚ ਉਨ੍ਹਾਂ ਦੇ ਭਾਈਚਾਰੇ ਨੂੰ ਸੰਗਤ ਵੀ ਕਿਹਾ ਜਾਂਦਾ ਹੈ।
- **ਪੂਜਾ ਦੇ ਅਸਥਾਨ:** ਪੂਜਾ ਦੇ ਅਸਥਾਨਾਂ ਵਿੱਚ ਗਿਰਜਾਘਰ, ਸਿਨਾਗੌਗ, ਗੁਰਦੁਆਰੇ, ਟੈਂਪਲ, ਮੰਦਿਰ, ਮਸਜਿਦਾਂ ਅਤੇ ਹੋਰ ਸ਼ਾਮਲ ਹਨ। ਇਨ੍ਹਾਂ ਵਿੱਚ ਅਜਿਹੀਆਂ ਇਤਿਹਾਸਕ ਇਮਾਰਤਾਂ ਸ਼ਾਮਲ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਪੂਜਾ ਦੇ ਅਸਥਾਨਾਂ ਵਜੋਂ ਵਰਤੋਂ ਕੀਤੇ ਜਾਣ ਅਨੁਸਾਰ ਅਨੁਕੂਲ ਬਣਾਇਆ ਗਿਆ ਹੈ।
- **ਯੋਜਨਾਬੰਦੀ ਪ੍ਰਨਾਲੀ:** ਇੰਗਲੈਂਡ ਵਿੱਚ ਸਾਰੀ ਜ਼ਮੀਨ ਅਤੇ ਇਮਾਰਤਾਂ ਦੀ ਵਰਤੋਂ ਅਤੇ ਵਿਕਾਸ ਨੂੰ ਯੋਜਨਾਬੰਦੀ ਪ੍ਰਨਾਲੀ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਇਸਦੇ ਵਿੱਚ ਉਨ੍ਹਾਂ ਇਮਾਰਤਾਂ ਵਿੱਚ ਵੱਡੇ ਬਦਲਾਅ ਕਰਨਾ ਜੋ ਪਹਿਲਾਂ ਤੋਂ ਹੀ ਹੋਂਦ ਵਿੱਚ ਹਨ, ਅਤੇ ਨਾਲ ਹੀ

[1] ਇੰਗਲਿਸ਼ ਹੈਰੀਟੇਜ ਅਤੇ ਲਿਵਿੰਗ ਸਟੋਨਜ਼ (2010) 'ਵਰਦਾਨ ਜਾਂ ਬੋਝ? ਸੂਚੀਬੱਧ ਧਾਰਮਿਕ ਅਸਥਾਨ ਅਤੇ ਭਾਈਚਾਰਿਆਂ ਵਿੱਚ ਉਨ੍ਹਾਂ ਦੀ ਭੂਮਿਕਾ'

ਨਵੀਆਂ ਇਮਾਰਤਾਂ ਦਾ ਨਿਰਮਾਣ ਕਰਨਾ ਸ਼ਾਮਲ ਹੈ। ਇਹ ਪ੍ਰਨਾਲੀ ਯਕੀਨੀ ਬਣਾਉਂਦੀ ਹੈ ਕਿ ਸਹੀ ਜਗ੍ਹਾ 'ਤੇ, ਸਹੀ ਸਮੇਂ 'ਤੇ, ਸਹੀ ਵਿਕਾਸ ਹੋਵੇ।

**ਆਪਣੇ ਸਥਾਨਕ Historic England (ਹਿਸਟੋਰਿਕ ਇੰਗਲੈਂਡ) ਦਫ਼ਤਰ ਨੂੰ ਸੰਪਰਕ ਕਰੋ:**

- **ਉੱਤਰ ਪੱਛਮ:** northwest@HistoricEngland.org.uk
  *Cheshire, Cumbria, Greater Manchester, Lancashire & Merseyside*
- **ਉੱਤਰ ਪੂਰਬ:** northeast@HistoricEngland.org.uk
  *County Durham, Newcastle, Northumberland, Tees Valley, Tyne and Wear*
- **ਯੋਰਕਸ਼ਾਇਰ:** yorkshire@HistoricEngland.org.uk
  *East Riding of Yorkshire, Kingston upon Hull, North, South and West Yorkshire, York*
- **ਇੰਗਲੈਂਡ ਦਾ ਪੂਰਬੀ ਖੇਤਰ:** eastofengland@HistoricEngland.org.uk
  *Bedfordshire, Cambridgeshire, Essex, Hertfordshire, Norfolk, Suffolk*
- **ਦੱਖਣ ਪੱਛਮ:** southwest@HistoricEngland.org.uk
  Bristol, Cornwall, Devon, Dorset, Gloucestershire, Isles of Scilly, Somerset, Wiltshire
- **ਮਿਡਲੈਂਡ:** midlands@HistoricEngland.org.uk
  *Herefordshire, Shropshire, Staffordshire, Warwickshire, West Midlands, Worcestershire, Derbyshire, Leicestershire, Lincolnshire, Northamptonshire, Nottinghamshire, Rutland*
- **ਲੰਦਨ ਅਤੇ ਦੱਖਣ ਪੂਰਬ:** londonseast@HistoricEngland.org.uk
  *Greater London, Berkshire, Buckinghamshire, East Sussex, Hampshire, Isle of Wight, Kent, Oxfordshire, Surrey, West Sussex*

ਇਸ ਤੱਥ-ਪੱਤਰ ਦਾ ਅਨੁਵਾਦ ਇਨ੍ਹਾਂ ਭਾਸ਼ਾਵਾਂ ਵਿੱਚ ਉਪਲਬਧ ਹੈ:

- **Romanian** română
- **Panjabi** ਪੰਜਾਬੀ
- **Urdu** اردو
- **Tamil** தமிழ்
- **Malayalam** മലയാളം

**historicengland.org.uk**